# California Prenatal Screening Program (ਕੈਲੀਫੋਰਨੀਆ ਦਾ ਪ੍ਰੀਨੈਟਲ (ਜਣੇਪੇ ਦਾ) ਸਕ੍ਰੀਨਿੰਗ ਪ੍ਰੋਗਰਾਮ)



## ਜੈਨੇਟਿਕ ਹਾਲਤਾਂ ਅਤੇ ਜਨਮ ਤੋਂ ਹੋਣ ਵਾਲੇ ਨੁਕਸਾਂ ਲਈ ਸਕ੍ਰੀਨਿੰਗ

ਕੈਲੀਫੋਰਨੀਆ ਦਾ ਪ੍ਰੀਨੈਟਲ (ਜਣੇਪੇ ਦਾ) ਸਕ੍ਰੀਨਿੰਗ ਪ੍ਰੋਗਰਾਮ (California Prenatal Screening Program, PNS) (www.cdph.ca.gov/PNS) ਇੱਕ ਰਾਜ ਵਿਆਪੀ ਪ੍ਰੋਗਰਾਮ ਹੈ ਜੋ ਕੈਲੀਫੋਰਨੀਆ ਵਿੱਚ ਸਾਰਿਆਂ ਗਰਭਵਤੀ ਔਰਤਾਂ ਨੂੰ ਜਣੇਪੇ ਵੇਲੇ ਦੇਖਭਾਲ ਕਰਨ ਵਾਲੇ ਪ੍ਰਦਾਤਾਵਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਜਣੇਪੇ ਵੇਲੇ ਦੀ ਜਾਂਚ ਇੱਕ ਗਰਭਵਤੀ ਔਰਤ ਦੇ ਖੂਨ ਦੇ ਨਮੂਨਿਆਂ ਦੀ ਵਰਤੋਂ ਕਰਕੇ ਉਨ੍ਹਾਂ ਦੇ ਗਰੱਭਸਥ ਭਰੂਣ (ਵਿਕਾਸਸ਼ੀਲ ਬੱਚੇ) ਵਿੱਚ ਕੁਝ ਜੈਨੇਟਿਕ ਹਾਲਤਾਂ ਅਤੇ ਜਨਮ ਤੋਂ ਹੋਣ ਵਾਲੇ ਨੁਕਸਾਂ ਦੀ ਜਾਂਚ ਕਰਦੀ ਹੈ। ਜਿਨ੍ਹਾਂ ਔਰਤਾ ਨੂੰ ਇਨ੍ਹਾਂ ਵਿੱਚੋਂ ਕਿਸੇ ਇੱਕ ਸਥਿਤੀ ਜਾਂ ਉਨ੍ਹਾਂ ਦੇ ਭਰੂਣ ਵਿੱਚ ਨੁਕਸ ਹੋਣ ਦੀ ਵੱਧ ਸੰਭਾਵਨਾ ਪਾਈ ਗਈ ਹੈ, ਉਨ੍ਹਾਂ ਨੂੰ ਰਾਜ ਦੁਆਰਾ ਪ੍ਰਵਾਨਿਤ ਜਣੇਪੇ ਵੇਲੇ ਦੇ ਨਿਦਾਨ ਕੇਂਦਰਾਂ ਦੁਆਰਾ ਜੈਨੇਟਿਕ ਸਲਾਹ ਅਤੇ ਹੋਰ ਫਾਲੋ-ਅੱਪ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। Medi-Cal ਅਤੇ ਪ੍ਰਾਈਵੇਟ ਬੀਮੇ ਵਿੱਚ ਸਵੈ-ਰੁਜ਼ਗਾਰਦਾਤਾਵਾਂ ਅਤੇ ਰਾਜ ਤੋਂ ਬਾਹਰ ਦੇ ਸਿਹਤ ਪਲਾਨਾਂ ਲਈ ਕੁਝ ਅਪਵਾਦਾਂ ਦੇ ਨਾਲ, ਸਾਰੀਆਂ ਪ੍ਰੋਗਰਾਮ ਫੀਸਾਂ ਨੂੰ ਕਵਰ ਕਰਨਾ ਲਾਜ਼ਮੀ ਹੈ। ਜਣੇਪੇ ਵੇਲੇ ਦੀ ਜਾਂਚ ਵਿਕਲਪਿਕ ਹੈ। ਤੁਸੀਂ ਫੈਸਲਾ ਕਰੋ ਕਿ ਤੁਸੀਂ ਇਹ ਕਰਵਾਉਣਾ ਚਾਹੁੰਦੇ ਹੋ ਜਾਂ ਨਹੀਂ। ਤੁਸੀਂ ਇਹ ਫੈਸਲਾ ਕਰਦੇ ਹੋ ਕਿ ਕੀ ਤੁਸੀਂ ਇਹ ਉੱਚ-ਗੁਣਵੱਤਾ, ਗੈਰ-ਵਪਾਰਕ ਰਾਜ ਪ੍ਰੋਗਰਾਮ ਦੁਆਰਾ ਅਜਿਹਾ ਕਰਵਾਉਣਾ ਚਾਹੁੰਦੇ ਹੋ।

### ਜੈਨੇਟਿਕ ਸਥਿਤੀਆਂ ਅਤੇ ਜਨਮ ਵੇਲੇ ਦੇ ਨੁਕਸ ਕੀ ਹਨ?

ਜੈਨੇਟਿਕ ਸਥਿਤੀਆਂ ਅਤੇ ਜਨਮ ਵੇਲੇ ਦੇ ਨੁਕਸ ਗਰੱਭਸਥ ਭਰੂਣ ਦੀ ਸਿਹਤ ਅਤੇ ਵਿਕਾਸ ਨੂੰ ਪ੍ਰਭਾਵਤ ਕਰ ਸਕਦੇ ਹਨ। ਜੈਨੇਟਿਕ ਸਥਿਤੀਆਂ ਅਤੇ ਜਨਮ ਵੇਲੇ ਦੇ ਨੁਕਸ ਕਦੇ-ਕਦਾਈਂ ਸੰਜੋਗ ਨਾਲ ਵਾਪਰਦੇ ਹਨ, ਜਾਂ ਉਹ ਪਰਿਵਾਰਾਂ ਵਿੱਚ ਅੱਗੇ ਪਾਸ ਹੋ ਸਕਦੇ ਹਨ। ਡਾਊਨ ਸਿੰਡਰੋਮ ਅਤੇ ਹੋਰ ਜੈਨੇਟਿਕ ਸਥਿਤੀਆਂ ਜਿਨ੍ਹਾਂ ਲਈ PNS ਪ੍ਰੋਗਰਾਮ ਇੱਕ ਗਰੱਭਸਥ ਭਰੂਣ ਵਿੱਚ ਜਾਂਚ ਕਰਦਾ ਹੈ, ਜੋ ਵਾਧੂ ਜਾਂ ਗੁੰਮ ਕ੍ਰੋਮੋਸੋਮ ਦੇ ਕਾਰਨ ਹੁੰਦੇ ਹਨ। ਕ੍ਰੋਮੋਸੋਮ ਗਰੱਭਸਥ ਭਰੂਣ ਦੇ ਵਿਕਾਸ ਦੀ ਅਗਵਾਈ ਕਰਦੇ ਹਨ ਅਤੇ ਸਰੀਰ ਦੇ ਹਰੇਕ ਸੈੱਲ ਵਿੱਚ ਪਾਏ ਜਾਂਦੇ ਹਨ।

### PNS ਪ੍ਰੋਗਰਾਮ ਇਨ੍ਹਾਂ ਜੈਨੇਟਿਕ ਹਾਲਤਾਂ ਜਾਂ ਜਨਮ ਵੇਲੇ ਦੇ ਨੁਕਸ ਦਾ ਪਤਾ ਲਗਾ ਸਕਦਾ ਹੈ:

| ਸਥਿਤੀਆਂ ਦੀ ਕਿਸਮ | ਸਥਿਤੀਆਂ ਦਾ ਨਾਮ | ਵੇਰਵਾ |
|---|---|---|
| ਆਟੋਸੋਮਲ ਟ੍ਰਾਈਸੋਮੀਜ਼ | ਟ੍ਰਾਈਸੋਮੀ (Trisomy) 21 (ਡਾਊਨ ਸਿੰਡਰੋਮ) (Down syndrome) | ਇਹ ਜੈਨੇਟਿਕ ਸਥਿਤੀ ਹਲਕੇ ਤੋਂ ਦਰਮਿਆਨੀ ਬੌਧਿਕ ਅਸਮਰਥਤਾਵਾਂ ਦਾ ਕਾਰਨ ਬਣਦੀ ਹੈ। ਡਾਉਨ ਸਿੰਡਰੋਮ ਗੰਭੀਰ ਪਰ ਇਲਾਜਯੋਗ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ ਜਿਵੇਂ ਕਿ ਦਿਲ ਵਿੱਚ ਪਾਏ ਜਾਣ ਵਾਲੇ ਨੁਕਸ। |
| | ਟ੍ਰਾਈਸੋਮੀ (Trisomy) 18<br>ਟ੍ਰਾਈਸੋਮੀ (Trisomy) 13 | ਇਹ ਜੈਨੇਟਿਕ ਸਥਿਤੀਆਂ ਗੰਭੀਰ ਬੌਧਿਕ ਅਸਮਰਥਤਾਵਾਂ ਅਤੇ ਗੰਭੀਰ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀਆਂ ਹਨ। |
| ਜਨਮ ਵੇਲੇ ਦੇ ਨੁਕਸ | ਨਿਊਰਲ ਟਿਊਬ ਨੁਕਸ | ਇਹ ਜਨਮ ਵੇਲੇ ਦੇ ਨੁਕਸ ਦਿਮਾਗ ਜਾਂ ਰੀੜ੍ਹ ਦੀ ਹੱਡੀ ਦੇ ਵਿਕਾਸ ਵਿੱਚ ਇੱਕ ਸਮੱਸਿਆ ਦੇ ਨਤੀਜੇ ਵਜੋਂ ਹੁੰਦਾ ਹੈ। ਉਦਾਹਰਨਾਂ ਹਨ ਐਨੈਂਸਫੈਲੀ (anencephaly) ਜਾਂ ਸਪਾਇਨਾ ਬਿਫੀਡਾ (spina bifida) |
| X ਅਤੇ Y ਕ੍ਰੋਮੋਸੋਮ ਭਿੰਨਤਾਵਾਂ | ਟਰਨਰ ਸਿੰਡਰੋਮ | ਇਹ ਜੈਨੇਟਿਕ ਸਥਿਤੀ ਵਿਕਾਸ ਵਿੱਚ ਹਲਕੀ ਦੇਰੀ, ਸਿੱਖਣ ਵਿੱਚ ਅਸਮਰਥਤਾ, ਛੋਟੇ ਕੱਦ, ਬਾਂਝਪਨ ਅਤੇ ਦਿਲ ਵਿੱਚ ਨੁਕਸ ਹੋਣ ਦਾ ਕਾਰਨ ਬਣ ਸਕਦੀ ਹੈ। |
| | XXY (ਕਲਾਈਨਫੇਲਟਰ) (Klinefelter)<br>XYY<br>ਟ੍ਰਾਈਸੋਮੀ (Trisomy) X | ਇਹ ਜੈਨੇਟਿਕ ਸਥਿਤੀਆਂ ਕਾਰਨ ਲੱਛਣ ਪੈਦਾ ਹੁੰਦੇ ਹਨ ਜੋ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਵੱਖੋ-ਵੱਖਰੇ ਹੁੰਦੇ ਹਨ। ਕੁਝ ਵਿਅਕਤੀਆਂ ਵਿੱਚ ਕੋਈ ਧਿਆਨ ਦੇਣ ਯੋਗ ਲੱਛਣ ਨਹੀਂ ਹੁੰਦੇ ਹਨ। ਦੂਜਿਆਂ ਵਿੱਚ, ਪ੍ਰਭਾਵਾਂ ਵਿੱਚ ਵਿਕਾਸ ਸੰਬੰਧੀ ਦੇਰੀ ਅਤੇ ਸਿੱਖਣ ਵਿੱਚ ਅਸਮਰਥਤਾਵਾਂ ਸ਼ਾਮਲ ਹੋ ਸਕਦੀਆਂ ਹਨ। ਵਿਅਕਤੀ ਅਕਸਰ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਜਿਵੇਂ ਕਿ ਸਪੀਚ ਥੈਰੇਪੀ ਪ੍ਰਤੀ ਚੰਗੀ ਪ੍ਰਤੀਕਿਰਿਆ ਕਰਦੇ ਹਨ। |

### ਕੁਝ ਜੈਨੇਟਿਕ ਸਥਿਤੀਆਂ ਤੁਹਾਡੀ ਗਰਭ ਅਵਸਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ

ਗਰਭ ਅਵਸਥਾ ਵਿੱਚ ਗਰਭਪਾਤ ਆਮ ਹੁੰਦਾ ਹੈ ਜਦੋਂ ਗਰੱਭਸਥ ਭਰੂਣ ਵਿੱਚ ਟ੍ਰਾਈਸੋਮੀ 18, ਟ੍ਰਾਈਸੋਮੀ 13, ਅਤੇ ਟਰਨਰ ਸਿੰਡਰੋਮ ਹੁੰਦਾ ਹੈ।

### ਜਣੇਪੇ ਵੇਲੇ ਭਰੂਣ ਦੀ ਸਿਹਤ ਦੀ ਜਾਂਚ ਕਰਨਾ

ਜਣੇਪੇ ਵੇਲੇ ਦੀ ਜਾਂਚ ਕਰਵਾਉਣਾ **ਤੁਹਾਡੀ ਆਪਣੀ ਚੋਣ** ਹੈ। ਜੇ ਤੁਸੀਂ ਜਣੇਪੇ ਵੇਲੇ ਦੀ ਜਾਂਚ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਡੇ ਇੱਕ ਜਾਂ ਦੋ ਖੂਨ ਦੇ ਨਮੂਨੇ ਇਕੱਠੇ ਕੀਤੇ ਜਾ ਸਕਦੇ ਹੋ। ਹਰੇਕ ਨਮੂਨੇ ਦੀ ਜਾਂਚ ਇਹ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ ਕਿ ਕੀ ਤੁਹਾਡੇ ਭਰੂਣ ਵਿੱਚ ਕੁਝ ਜੈਨੇਟਿਕ ਸਥਿਤੀਆਂ ਜਾਂ ਜਨਮ ਵੇਲੇ ਦੇ ਨੁਕਸ ਹੋਣ ਦੀ ਸੰਭਾਵਨਾ ਵੱਧ ਗਈ ਹੈ। ਜੇਕਰ ਸੰਭਾਵਨਾ ਵੱਧ ਜਾਂਦੀ ਹੈ, ਤਾਂ ਤੁਹਾਡਾ ਜਣੇਪੇ ਵੇਲੇ ਦਾ ਦੇਖਭਾਲ ਪ੍ਰਦਾਤਾ ਤੁਹਾਡੇ ਨਾਲ ਅਗਲੇ ਕਦਮਾਂ ਬਾਰੇ ਗੱਲ ਕਰੇਗਾ। ਤੁਸੀਂ ਫੈਸਲਾ ਕਰਦੇ ਹੋ ਕਿ ਕੀ ਤੁਸੀਂ ਹੋਰ ਜੈਨੇਟਿਕ ਕਾਉਂਸਲਿੰਗ, ਅਲਟਰਾਸਾਊਂਡ ਪ੍ਰੀਖਿਆ, ਜਾਂ ਡਾਇਗਨੌਸਟਿਕ ਟੈਸਟਿੰਗ ਚਾਹੁੰਦੇ ਹੋ।

### ਜਣੇਪੇ ਵੇਲੇ ਦੀ ਸਕ੍ਰੀਨਿੰਗ ਡਾਇਗਨੌਸਟਿਕ ਟੈਸਟਿੰਗ ਤੋਂ ਕਿਵੇਂ ਵੱਖਰੀ ਹੈ?

ਜਣੇਪੇ ਵੇਲੇ ਦੀ ਜਾਂਚ ਕੁਝ ਜੈਨੇਟਿਕ ਹਾਲਤਾਂ ਜਾਂ ਜਨਮ ਵੇਲੇ ਦੇ ਨੁਕਸ ਦੀ ਸੰਭਾਵਨਾ ਦਾ ਅੰਦਾਜ਼ਾ ਲਗਾਉਂਦੀ ਹੈ । ਜੇਕਰ ਤੁਹਾਡੇ ਜਣੇਪੇ ਵੇਲੇ ਦੀ ਸਕ੍ਰੀਨਿੰਗ ਦੇ ਨਤੀਜੇ ਵਧੇ ਹੋਏ ਮੌਕੇ ਦਿਖਾਉਂਦੇ ਹਨ, ਤਾਂ ਸਪਸ਼ਟ **ਜਵਾਬ ਲਈ ਡਾਇਗਨੌਸਟਿਕ ਟੈਸਟਿੰਗ ਦੀ ਲੋੜ ਹੁੰਦੀ** ਹੈ।

# ਕੈਲੀਫੋਰਨੀਆ ਦੇ ਜਣੇਪੇ ਵੇਲੇ ਦੇ ਸਕ੍ਰੀਨਿੰਗ ਪ੍ਰੋਗਰਾਮ ਤੋਂ ਕੀ ਉਮੀਦ ਕੀਤੀ ਜਾਵੇ



**ਚਰਚਾ ਕਰੋ।** ਤੁਹਾਡਾ ਜਣੇਪੇ ਵੇਲੇ ਦਾ ਦੇਖਭਾਲ ਪ੍ਰਦਾਤਾ ਤੁਹਾਨੂੰ ਇਸ ਪ੍ਰੋਗਰਾਮ ਦੁਆਰਾ ਜਣੇਪੇ ਵੇਲੇ ਦੀ ਸਕ੍ਰੀਨਿੰਗ ਦੀ ਪੇਸ਼ਕਸ਼ ਕਰੇਗਾ। ਇਹ ਕਰਵਾਉਣਾ ਜ਼ਰੂਰੀ ਨਹੀਂ ਹੈ। ਜਣੇਪੇ ਵੇਲੇ ਦੀ ਜਾਂਚ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰੇਗੀ ਕਿ ਕੀ ਤੁਹਾਡੇ ਭਰੂਣ ਵਿੱਚ ਕੁਝ ਜੈਨੇਟਿਕ ਸਥਿਤੀਆਂ ਜਾਂ ਜਨਮ ਵੇਲੇ ਦੇ ਨੁਕਸ ਹੋਣ ਦੀ ਸੰਭਾਵਨਾ ਵੱਧ ਗਈ ਹੈ।

$ ਜੇਕਰ ਤੁਸੀਂ ਕੈਲੀਫੋਰਨੀਆ ਦੇ ਪ੍ਰੀਨੈਟਲ (ਜਣੇਪੇ ਵੇਲੇ) ਦੇ ਸਕ੍ਰੀਨਿੰਗ (PNS) ਪ੍ਰੋਗਰਾਮ ਵਿੱਚ ਹਿੱਸਾ ਲੈਣ ਦੀ ਚੋਣ ਕਰਦੇ ਹੋ ਅਤੇ ਤੁਹਾਡੇ ਕੋਲ Medi-Cal ਜਾਂ ਪ੍ਰਾਈਵੇਟ ਸਿਹਤ ਬੀਮਾ ਹੈ, ਤਾਂ ਉਹ ਕੁਝ ਅਪਵਾਦਾਂ ਦੇ ਨਾਲ, ਇਸ ਸਕ੍ਰੀਨਿੰਗ ਲਈ ਫੀਸਾਂ ਨੂੰ ਕਵਰ ਕਰਨਗੇ। ਸਕ੍ਰੀਨਿੰਗ ਲਈ ਫੀਸਾਂ $344 ਅਤੇ $85 ਹਨ (ਜੁਲਾਈ 2024 ਤੱਕ)।

**ਸਹਿਮਤੀ।** ਜੇ ਤੁਸੀਂ ਜਣੇਪੇ ਵੇਲੇ ਦੀ ਸਕ੍ਰੀਨਿੰਗ ਕਰਵਾਉਣਾ ਚਾਹੁੰਦੇ ਹੋ, ਤਾਂ ਤੁਹਾਡਾ ਜਣੇਪੇ ਵੇਲੇ ਦਾ ਦੇਖਭਾਲ ਪ੍ਰਦਾਤਾ ਤੁਹਾਨੂੰ ਦੋ ਸਕ੍ਰੀਨਿੰਗਾਂ (ਸੈੱਲ-ਮੁਕਤ DNA ਅਤੇ ਜਣੇਪਾ ਸੀਰਮ ਅਲਫ਼ਾ-ਫੇਟੋਪ੍ਰੋਟੀਨ) ਵਿੱਚੋਂ ਹਰੇਕ ਲਈ ਇੱਕ ਸਹਿਮਤੀ ਫਾਰਮ(ਮਾਂ) 'ਤੇ ਦਸਤਖ਼ਤ ਕਰਨ ਲਈ ਕਹੇਗਾ। ਦੋਵੇਂ ਮਹੱਤਵਪੂਰਨ ਹਨ ਕਿਉਂਕਿ ਉਹ ਵੱਖ-ਵੱਖ ਸਥਿਤੀਆਂ ਲਈ ਸਕ੍ਰੀਨ ਕਰਦੇ ਹਨ। ਜੇ ਤੁਸੀਂ ਜਣੇਪੇ ਵੇਲੇ ਦੀ ਸਕ੍ਰੀਨਿੰਗ ਨਹੀਂ ਕਰਵਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਅਸਵੀਕਾਰ ਕਰਨ ਵਾਲੇ ਫਾਰਮਾਂ 'ਤੇ ਦਸਤਖ਼ਤ ਕਰਨ ਦੀ ਲੋੜ ਹੋਵੇਗੀ।

**ਜਾਂਚ।** ਤੁਹਾਡਾ ਜਣੇਪੇ ਵੇਲੇ ਦਾ ਦੇਖਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਜਣੇਪੇ ਵੇਲੇ ਦੀ ਜਾਂਚ(ਚਾਂ) ਲਈ ਤੁਹਾਡਾ ਖੂਨ ਇਕੱਠਾ ਕਰਨ ਲਈ ਕਿੱਥੇ ਜਾਣਾ ਹੈ। ਖੂਨ ਇਕੱਠਾ ਕਰਨਾ ਪ੍ਰਯੋਗਸ਼ਾਲਾ ਵਿੱਚ ਜਾਂ ਤੁਹਾਡੇ ਜਣੇਪੇ ਵੇਲੇ ਦੇ ਦੇਖਭਾਲ ਪ੍ਰਦਾਤਾ ਦੇ ਦਫ਼ਤਰ ਵਿੱਚ ਹੋ ਸਕਦਾ ਹੈ। ਹਰੇਕ ਸਕ੍ਰੀਨਿੰਗ ਲਈ, ਇੱਕ ਸਟਾਫ ਮੈਂਬਰ ਤੁਹਾਡੀ ਬਾਂਹ ਤੋਂ ਖੂਨ ਦੀ ਇੱਕ ਛੋਟੀ ਜਿਹੀ ਮਾਤਰਾ ਲਵੇਗਾ ਅਤੇ ਇਸਨੂੰ ਪ੍ਰਯੋਗਸ਼ਾਲਾ ਵਿੱਚ ਭੇਜੇਗਾ।

**ਸੰਚਾਰ ਕਰਨਾ।** ਤੁਹਾਨੂੰ ਤੁਹਾਡੀ ਸੈੱਲ-ਮੁਕਤ DNA ਅਤੇ ਜਣੇਪਾ ਸੀਰਮ ਅਲਫਾ-ਫੀਟੋਪ੍ਰੋਟੀਨ ਸਕ੍ਰੀਨਿੰਗ ਦੇ ਨਤੀਜਿਆਂ ਬਾਰੇ ਦੱਸਣ ਲਈ ਤੁਹਾਡੇ ਜਣੇਪੇ ਵੇਲੇ ਦੇ ਦੇਖਭਾਲ ਪ੍ਰਦਾਤਾ ਦੇ ਦਫ਼ਤਰ ਦੁਆਰਾ ਸੰਪਰਕ ਕੀਤਾ ਜਾਵੇਗਾ।

**ਫਾਲੋ-ਅੱਪ ਸੇਵਾਵਾਂ।** ਜੇਕਰ ਜਾਂ ਤਾਂ ਸਕ੍ਰੀਨਿੰਗ ਨਤੀਜੇ ਦਿਖਾਉਂਦੇ ਹਨ ਕਿ ਤੁਹਾਡੇ ਗਰੱਭਸਥ ਭਰੂਣ ਵਿੱਚ ਜੈਨੇਟਿਕ ਸਥਿਤੀਆਂ ਜਾਂ ਜਨਮ ਵੇਲੇ ਦੇ ਨੁਕਸਾਂ ਵਿੱਚੋਂ ਇੱਕ ਹੋਣ ਦੀ ਸੰਭਾਵਨਾ ਵੱਧ ਗਈ ਹੈ, ਤਾਂ ਇਸਦਾ ਹਮੇਸ਼ਾ ਇਹ ਮਤਲਬ ਨਹੀਂ ਹੁੰਦਾ ਕਿ ਅਜਿਹਾ ਹੈ। PNS ਪ੍ਰੋਗਰਾਮ ਤੁਹਾਨੂੰ ਰਾਜ-ਪ੍ਰਵਾਨਿਤ ਪ੍ਰੀਨੈਟਲ ਡਾਇਗਨੋਸਿਸ ਸੈਂਟਰ ਵਿਖੇ ਫਾਲੋ-ਅਪ ਸੇਵਾਵਾਂ ਦੀ ਪੇਸ਼ਕਸ਼ ਕਰੇਗਾ, ਜਿੱਥੇ ਤੁਸੀਂ ਪਹਿਲਾਂ ਇੱਕ ਜੈਨੇਟਿਕ ਕਾਉਂਸਲਰ ਨਾਲ ਗੱਲ ਕਰ ਸਕੋਗੇ ਅਤੇ ਤੁਹਾਨੂੰ ਤੁਹਾਡੇ ਭਰੂਣ ਦੀ ਵਿਸਤ੍ਰਿਤ ਅਲਟਰਾਸਾਊਂਡ ਪ੍ਰੀਖਿਆ ਦੀ ਪੇਸ਼ਕਸ਼ ਕੀਤੀ ਜਾਵੇਗੀ। ਫਿਰ, ਤੁਸੀਂ ਫੈਸਲਾ ਕਰਦੇ ਹੋ ਕਿ ਕੀ ਤੁਸੀਂ ਇਹ ਪਤਾ ਲਗਾਉਣ ਲਈ ਡਾਇਗਨੌਸਟਿਕ ਟੈਸਟ ਕਰਵਾਉਣਾ ਚਾਹੁੰਦੇ ਹੋ ਕਿ ਕੀ ਤੁਹਾਡੇ ਗਰੱਭਸਥ ਭਰੂਣ ਦੀ ਜੈਨੇਟਿਕ ਸਥਿਤੀ ਜਾਂ ਜਨਮ ਵੇਲੇ ਦਾ ਨੁਕਸ ਹੈ।

**ਫਾਲੋ-ਅੱਪ ਸੇਵਾਵਾਂ ਵਿੱਚ ਸ਼ਾਮਲ ਹਨ:**

- ਜੈਨੇਟਿਕ ਸਲਾਹ-ਮਸ਼ਵਿਰਾ
- ਅਲਟਰਾਸਾਊਂਡ ਪ੍ਰੀਖਿਆ
- ਡਾਇਗਨੌਸਟਿਕ ਟੈਸਟਿੰਗ: ਕੋਰਿਓਨਿਕ ਵਿਲਿਸ ਸੈਂਪਲਿੰਗ ਜਾਂ ਐਮਨੀਓਸੈਂਟੇਸਿਸ

$ ਜੇਕਰ ਤੁਸੀਂ PNS ਪ੍ਰੋਗਰਾਮ ਰਾਹੀਂ ਜਣੇਪੇ ਵੇਲੇ ਦੀ ਸਕ੍ਰੀਨਿੰਗ ਪ੍ਰਾਪਤ ਕਰਦੇ ਹੋ, ਤਾਂ ਫਾਲੋ-ਅੱਪ ਸੇਵਾਵਾਂ ਤੁਹਾਡੇ ਲਈ ਬਿਨਾਂ ਕਿਸੇ ਵਾਧੂ ਕੀਮਤ ਦੇ ਉਪਲਬਧ ਹਨ।

**ਧਿਆਨ ਦਿਓ:** ਤੁਹਾਡਾ ਜਣੇਪੇ ਵੇਲੇ ਦਾ ਦੇਖਭਾਲ ਪ੍ਰਦਾਤਾ ਜਣੇਪੇ ਵੇਲੇ ਦੀ ਜਾਂਚ ਦੀ ਬਜਾਏ **ਜਣੇਪੇ ਵੇਲੇ ਦੀ ਤਸ਼ਖੀਸ ਕਰਵਾਉਣ** ਬਾਰੇ ਤੁਹਾਡੇ ਨਾਲ ਗੱਲ ਕਰ ਸਕਦਾ ਹੈ । ਜੇਕਰ ਨਹੀਂ, ਤਾਂ ਤੁਸੀਂ ਉਨ੍ਹਾਂ ਨੂੰ ਪੁੱਛ ਸਕਦੇ ਹੋ ਕਿ ਕੀ ਤੁਹਾਡੇ ਲਈ ਜਣੇਪੇ ਵੇਲੇ ਦੇ ਤਸ਼ਖੀਸ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

## ਤੁਹਾਡੇ ਲਈ ਜਿਨਸੀ ਰੁਝਾਨ ਅਤੇ ਲਿੰਗ ਪਛਾਣ ਜਾਣਕਾਰੀ ਸਰਵੇਖਣ

ਇੱਕ ਰਾਜ ਪ੍ਰੋਗਰਾਮ ਦੇ ਰੂਪ ਵਿੱਚ, PNS ਪ੍ਰੋਗਰਾਮ ਨੂੰ ਕਿਸੇ ਵਿਅਕਤੀ ਦਾ ਡੇਟਾ ਇਕੱਠਾ ਕਰਨ ਵੇਲੇ ਜਿਨਸੀ ਰੁਝਾਨ ਅਤੇ ਲਿੰਗ ਪਛਾਣ ਬਾਰੇ ਜਾਣਕਾਰੀ ਮੰਗਣੀ ਚਾਹੀਦੀ ਹੈ। ਇਹ ਜਾਣਕਾਰੀ ਇੱਕ ਸੈਕਸੁਅਲ ਓਰੀਐਂਟੇਸ਼ਨ ਲਿੰਗ ਪਛਾਣ (Sexual Orientation Gender Identity survey (SOGI) ਸਰਵੇਖਣ (https://forms.office.com/g/LRUWGVE7Xx) 'ਤੇ ਇਕੱਠੀ ਕੀਤੀ ਜਾਂਦੀ ਹੈ। ਤੁਹਾਡਾ SOGI ਸਰਵੇਖਣ ਫਾਰਮ ਭਰਨਾ ਜ਼ਰੂਰੀ ਨਹੀਂ ਹੈ। ਜੇਕਰ ਤੁਸੀਂ ਇਹ ਜਾਣਕਾਰੀ ਪ੍ਰਦਾਨ ਕਰਨ ਦੀ ਚੋਣ ਕਰਦੇ ਹੋ, ਤਾਂ ਇਹ ਤੁਹਾਨੂੰ ਜਾਂ ਤੁਹਾਡੇ ਜਣੇਪੇ ਵੇਲੇ ਦੇ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਦਾ ਪਤਾ ਨਹੀਂ ਲਗਾਇਆ ਜਾਵੇਗਾ ।

## ਜਣੇਪੇ ਵੇਲੇ ਦੀ ਜਾਂਚ ਮਰੀਜ਼ ਦੀ ਜਾਣਕਾਰੀ

ਪੂਰੀ ਪ੍ਰੈਨੇਟਲ ਸਕ੍ਰੀਨਿੰਗ ਮਰੀਜ਼ ਕਿਤਾਬਚਾ ਪੜ੍ਹਨ ਲਈ, ਇੱਕ ਵੀਡੀਓ ਦੇਖੋ, ਜਾਂ ਕੈਲੀਫੋਰਨੀਆ ਪ੍ਰੈਨੇਟਲ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਵਿਅਕਤੀਆਂ ਲਈ ਜਣੇਪੇ ਵੇਲੇ ਦੀ ਸਕ੍ਰੀਨਿੰਗ ਜਾਣਕਾਰੀ ਦੇ ਵੈੱਬ ਪੇਜ (go.cdph.ca.gov/MyScreening) 'ਤੇ ਜਾਓ।